ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਰੂਪਨਗਰ

ਘਰ ਰਹਿ ਕੇ ਵਿਸਾਖੀ ਮਨਾਉਣ ਲਈ ਪੰਜਾਬੀਆਂ ਦਾ ਧੰਨਵਾਦ - ਡਿਪਟੀ ਕਮਿਸ਼ਨਰ ਸੋਨਾਲੀ ਗਿਰਿ

ਰੂਪਨਗਰ ਜ਼ਿਲੇ ਦੇ ਲੋਕਾਂ ਨੇ ਘਰਾਂ ਵਿਚ ਅਰਦਾਸ ਕਰਕੇ ਮਨਾਈ ਵਿਸਾਖੀ

ਰੂਪਨਗਰ , 13 ਅਪ੍ਰੈਲ - ਖਾਲਸਾ ਸਾਜਣਾ ਦਿਵਸ ਦੇ ਪਵਿੱਤਰ ਦਿਹਾੜੇ ਤੇ ਅੱਜ ਜ਼ਿਲੇ ਦੇ ਲੋਕਾਂ ਨੇ ਆਪਣੇ ਘਰਾਂ ਵਿਚ ਰਹਿ ਕੇ ਸਰਬਤ ਦੇ ਭਲੇ ਦੀ ਅਰਦਾਸ ਕਰਦਿਆਂ ਵਿਸਾਖੀ ਮਨਾਈ। ਡਿਪਟੀ ਕਮਿਸ਼ਨਰ ਸ਼੍ਰੀਮਤੀ ਸੋਨਾਲੀ ਗਿਰਿ ਨੇ ਰੂਪਨਗਰ ਦੇ ਲੋਕਾਂ ਦੇ ਇਸ ਕਾਰਜ ਲਈ ਉਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਇਸ ਵਾਰ ਦੀ ਵਿਸਾਖੀ ਆਪਣੀਆਂ ਅਗਲੀਆਂ ਸੁਖਦ ਵਿਸਾਖੀਆਂ ਲਈ ਮਨਾਈ ਹੈ। ਉਨਾਂ ਨੇ ਖੁਦ ਵੀ ਅੱਜ ਆਪਣੇ ਗ੍ਰਹਿ ਵਿਖੇ ਗੁਰਬਾਣੀ ਦਾ ਪਾਠ ਕਰਨ ਉਪਰੰਤ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾਂ ਮਨੁੱਖਤਾ ਤੇ ਛਾਏ ਕਰੋਨਾ ਦੇ ਕਹਿਰ ਨੂੰ ਟਾਲ ਦੇਵੇ ਅਤੇ ਅਸੀਂ ਫਿਰ ਤੋਂ ਆਮ ਵਾਂਗ ਜੀਵਨ ਜੀਅ ਸਕੀਏ। ਇੱਥੇ ਜਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਸੀ ਕਿ ਉਹ ਵਿਸਾਖੀ ਆਪਣੇ ਘਰਾਂ ਵਿਚ ਰਹਿ ਕੇ ਮਨਾਉਣ ਅਤੇ ਸਵੇਰੇ 11 ਵਜੇ ਆਪਣੇ ਨਿਵਾਸ ਸਥਾਨਾਂ ਤੋਂ ਹੀ ਪਰਿਵਾਰ ਸਮੇਤ ਇਸ ਬਿਮਾਰੀ ਤੋਂ ਦੁਨੀਆਂ ਨੂੰ ਬਚਾਉਣ ਦੀ ਅਰਦਾਸ ਪ੍ਰਭੂ ਅੱਗੇ ਕਰਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਰੋਨਾ ਖਿਲਾਫ ਜੰਗ ਅਸੀਂ ਸਭ ਨੇ ਮਿਲ ਕੇ ਲੜਨੀ ਹੈ ਅਤੇ ਇਸ ਜੰਗ ਵਿਚ ਜਿੱਤ ਦਾ ਇਕੋ ਮੰਤਰ ਘਰ ਰਹਿਣਾ ਹੈ। ਉਨਾਂ ਨੇ ਆਖਿਆ ਕਿ ਇਸ ਮੁਹਿੰਮ ਵਿਚ ਅਸੀਂ ਜੇਤੂ ਹੋ ਕੇ ਨਿਕਲਾਂਗੇ। ਉਨਾਂ ਨੇ ਅਪੀਲ ਕੀਤੀ ਕਿ ਹਰੇਕ ਨਾਗਰਿਕ ਆਪਣਾ ਨੈਤਿਕ ਫਰਜ ਸਮਝਦਿਆਂ ਕਰਫਿਊ ਦਾ ਸਖ਼ਤੀ ਨਾਲ ਪਾਲਣ ਕਰੇ ਅਤੇ ਡਾਕਟਰੀ ਸਲਾਹਾਂ ਅਨੁਸਾਰ ਵਾਰ ਵਾਰ ਹੱਥ ਧੋਣ, ਮੂੰਹ ਤੇ ਮਾਸਕ ਪਹਿਣਨ ਵਰਗੀਆਂ ਸਾਵਧਾਨੀਆਂ ਵਰਤੇ। ਇਸ ਦੌਰਾਨ ਅੱਜ ਜ਼ਿਲੇ ਦੇ ਵੱਖ ਵੱਖ ਖੇਤਰਾਂ ਵਿਚ ਲੋਕਾਂ ਨੇ ਘਰ ਵਿਖੇ ਰਹਿ ਕੇ ਪਾਠ ਕੀਤਾ ਅਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ ,ਰੂਪਨਗਰ

ਕਣਕ ਲਿਫਟਿੰਗ ਲਈ ਟਰਾਂਸਪੋਰਟਿੰਗ ਦਾ ਯੋਜਨਾਬੰਦ ਤਰੀਕੇ ਨਾਲ ਕੀਤਾ ਜਾਵੇ ਪ੍ਰਬੰਧ - ਡਿਪਟੀ ਕਮਿਸ਼ਨਰ

ਕਿਹਾ, ਮੰਡੀਆਂ ਵਿੱਚ ਕਾਮਿਆਂ ਦੇ ਲਈ ਮਾਸਕ , ਸਾਫ ਪਾਣੀ ਦਾ ਪ੍ਰਬੰਧ ਅਤੇ ਸੋਸ਼ਲ ਡਿਸਟੈਂਸ ਨੂੰ ਬਣਾਇਆ ਜਾਵੇ ਯਕੀਨੀ

ਸ਼੍ਰੀ ਚਮਕੌਰ ਸਾਹਿਬ ਦਾਣਾ ਮੰਡੀ ਦਾ ਦੌਰਾ ਕਰਕੇ, ਖਰੀਦ ਪ੍ਰਬੰਧਾ ਦਾ ਵੀ ਲਿਆ ਜ਼ਾਇਜਾ

ਰੂਪਨਗਰ 13 ਅਪ੍ਰੈਲ - ਡਿਪਟੀ ਕਮਿਸ਼ਨਰ ਸੋਨਾਲੀ ਗਿਰਿ ਨੇ ਕਿਹਾ ਕਿ ਮੰਡੀਆਂ ਵਿੱਚ ਦੀ ਕਣਕ ਲਿਫਟਿੰਗ ਨਾਲੋਂ ਨਾਲ ਕਰਨ ਦੇ ਲਈ ਟਰਾਂਸਪੋਰਟਿੰਗ ਦਾ ਯੋਜਨਾਬੰਦ ਤਰੀਕੇ ਨਾਲ ਪ੍ਰਬੰਧ ਕੀਤਾ ਜਾਵੇ। ਮੰਡੀਆਂ ਵਿੱਚ ਕਣਕ ਦੀ ਆਮਦ ਦੇ ਅਨੁਸਾਰ ਲਿਫਟਿੰਗ ਦੇ ਲਈ ਟਰੱਕ ਰਿਜ਼ਰਵ ਵੀ ਰੱਖੇ ਜਾਣ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਟਰਾਂਸਪੋਰਟਰਜ਼ ਅਤੇ ਅਧਿਕਾਰੀਆਂ ਨਾਲ ਕਣਕ ਦੀ ਖਰੀਦ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜ਼ਾਇਜ਼ਾ ਲੈ ਰਹੇ ਸਨ। ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ(ਜ) ਸ਼੍ਰੀਮਤੀ ਦੀਪਸ਼ਿਖਾ, ਐਸ.ਡੀ.ਐਮ. ਸ਼੍ਰੀ ਚਮਕੌਰ ਸਾਹਿਬ ਸ਼੍ਰੀ ਮਨਕਮਲ ਸਿੰਘ ਚਾਹਲ , ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਸ਼੍ਰੀ ਸਤਵੀਰ ਸਿੰਘ ਮਾਵੀ ਅਤੇ ਜ਼ਿਲ੍ਹਾ ਮੰਡੀ ਅਫਸਰ ਸ਼੍ਰੀ ਅਜੈ ਪਾਲ ਸਿੰਘ ਬਰਾੜ ਵੀ ਮੌਜੂਦ ਸਨ। ਇਸ ਤੋਂ ਬਾਅਦ ਉਨ੍ਹਾਂ ਸ਼੍ਰੀ ਚਮਕੌਰ ਸਾਹਿਬ ਦਾਣਾ ਮੰਡੀ ਦਾ ਦੌਰਾ ਵੀ ਕੀਤਾ ਅਤੇ ਮੰਡੀ ਵਿੱਚ ਕੀਤੇ ਜਾ ਰਹੇ ਪ੍ਰਬੰਧਾਂ ਦਾ ਜ਼ਾਇਜਾ ਵੀ ਲਿਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ 47 ਮੰਡੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਮੰਡੀਆਂ ਦੇ ਵਿੱਚ ਲੋਕਲ ਲੇਬਰ ਲਗਾਈ ਜਾਵੇ ਜੇਕਰ ਬਾਹਰਲੀ ਲੇਬਰ ਮੰਡੀਆਂ ਵਿੱਚ ਆਵੇਗੀ ਤਾਂ ਕਰਫਿਊ ਦੇ ਨਿਯਮਾਂ ਦਾ ਉਲੰਘਣ ਹੋਵੇਗਾ । ਉਨ੍ਹਾ ਨੇ ਕਿਹਾ ਕਿ ਮੰਡੀਆਂ ਵਿੱਚ ਕਾਮਿਆਂ ਦੇ ਲਈ ਮਾਸਕ , ਸਾਫ ਪਾਣੀ ਦਾ ਪ੍ਰਬੰਧ ਅਤੇ ਸੋਸ਼ਲ ਡਿਸਟੈਂਸ ਕਰਨ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਭਾਰਤ ਖੁਰਾਕ ਨਿਗਮ (ਐੱਫ.ਸੀ.ਆਈ.) ਵਲੋਂ ਨਿਧਾਰਿਤ ਕੀਤੇ ਗਏ 12 ਫ਼ੀਸਦੀ ਨਮੀ ਦੇ ਮਾਪਦੰਡ ਤੋਂ ਵੱਧ ਨਮੀ ਵਾਲੀ ਕਣਕ ਮੰਡੀਆਂ ਵਿਚ ਨਾ ਲਿਆਂਦੀ ਜਾਵੇ ਤਾਂ ਜੋ ਕਿਸਾਨਾਂ ਨੂੰ ਬੇਵਜ੍ਹਾ ਮੰਡੀਆਂ ਵਿਚ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਲਈ ਕਿਸਾਨ ਮੰਡੀਆਂ ਵਿਚ ਸੁੱਕੀ ਕਣਕ ਹੀ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਹਾਰਵੈਸਟਰ ਕੰਬਾਈਨਾਂ ਦੁਆਰਾ ਕਣਕ ਦੀ ਕਟਾਈ ਸਿਰਫ਼ ਦਿਨ ਦੇ ਸਮੇਂ ਦੌਰਾਨ ਸਵੇਰੇ 6:00 ਵਜੇ ਤੋਂ ਸ਼ਾਮ 7:00 ਵਜੇ ਤੱਕ ਸੀਮਤ ਰੱਖੀ ਗਈ ਹੈ ਅਤੇ ਰਾਤ ਦੇ ਸਮੇਂ ਦੌਰਾਨ ਸ਼ਾਮ 7:00 ਤੋਂ ਸਵੇਰੇ 6:00 ਵਜੇ ਤੱਕ ਕਟਾਈ ਕਰਨ ਤੇ ਪੂਰਨ ਪਾਬੰਦੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿਚ ਆੜ੍ਹਤੀਆਂ ਵਲੋਂ ਹੀ ਕਿਸਾਨਾਂ ਨੂੰ ਵਿਸ਼ੇਸ਼ ਕੂਪਨ ਜਾਰੀ ਕੀਤੇ ਜਾਣਗੇ ਅਤੇ ਇਹੀ ਕੂਪਨ ਉਨ੍ਹਾਂ ਲਈ ਕਰਫ਼ਿਊ ਪਾਸ ਹੋਣਗੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੀ ਫਸਲ ਦੀ ਅਦਾਇਗੀ ਵੀ ਆੜ੍ਹਤੀਆਂ ਰਾਹੀਂ 48 ਘੰਟੇ ਅੰਦਰ ਹੋਵੇਗੀ। ਕਿਸਾਨਾਂ ਨੂੰ ਨਿਰਧਾਰਿਤ ਤਾਰੀਖ 'ਤੇ ਮੰਡੀ ਵਿਚ ਨਿਰਧਾਰਿਤ ਮਾਤਰਾ ਵਿਚ ਕਣਕ ਲੈ ਕੇ ਆਉਣਾ ਪਵੇਗਾ। ਇਸ ਬਾਰੇ ਕਿਸਾਨਾਂ ਨੂੰ ਕੂਪਨ ਦੇਣ ਸਮੇਂ ਤਾਰੀਖ ਵੀ ਆੜ੍ਹਤੀਏ ਹੀ ਦੇਣਗੇ। ਇਸ ਮੌਕੇ ਤੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਮੌਜੂਦ ਸਨ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ

ਬੇਲਾ ਕਾਲਜ ਨੇ ਪੁਲਿਸ ਵਿਭਾਗ ਨੂੰ ਚੈੱਕ ਸੌਂਪਿਆ

ਰੂਪਨਗਰ 13 ਅਪ੍ਰੈਲ - ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਮੈਨੇਜਰ ਸ.ਸੁਖਵਿੰਦਰ ਸਿੰਘ ਵਿਸਕੀ, ਸਕੱਤਰ ਸ.ਜਗਵਿੰਦਰ ਸਿੰਘ ਅਤੇ ਕਮੇਟੀ ਮੈਂਬਰਜ਼ ਸਾਹਿਬਾਨ ਨੇ ਪੁਲਿਸ ਦੀ ਸਹਾਇਤਾ ਲਈ ਐੱਸ.ਐੱਸ.ਪੀ. ਰੂਪਨਗਰ ਸ਼੍ਰੀ ਸਵਪਨ ਸ਼ਰਮਾ ਨੂੰ ਪੁਲਿਸ ਵੈਲਫੇਅਰ ਫੰਡ ਵਿੱਚ 51000/- ਰੁਪਏ ਦਾ ਚੈੱਕ ਸੌਂਪਿਆ। ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਸੁਖਵਿੰਦਰ ਸਿੰਘ ਵਿਸਕੀ ਨੇ ਦੱਸਿਆ ਕਿ ਕੋਰਨਾ ਵਾਇਰਸ ਤੋਂ ਲੋਕਾਂ ਨੂੰ ਬਚਾਉਣ ਲਈ ਪੁਲਿਸ ਦਾ ਰੋਲ ਬਹੁਤ ਮਹੱਤਵਪੂਰਨ ਅਤੇ ਸ਼ਲਾਘਾਯੋਗ ਹੈ। ਪੁਲਿਸ ਮੁਲਾਜ਼ਮ ਅਜਿਹੇ ਮਾਹੌਲ ਵਿੱਚ ਜਦੋਂ ਸਾਰੀ ਦੁਨੀਆਂ ਭੈਭੀਤ ਹੈ, ਉੱਥੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਇਸ ਕੋਵਿਡ-19 ਮਹਾਂਮਾਰੀ ਨਾਲ਼ ਲੜ੍ਹ ਰਹੇ ਹਨ। ਸਾਨੂੰ ਸਭ ਨੂੰ ਵੀ ਕਰਫਿਊ ਨੂੰ ਸਫਲਤਾ ਪੂਰਵਕ ਲਾਗੂ ਕਰਨ ਲਈ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ। ਉਹਨਾਂ ਨੇ ਸਭ ਨੂੰ ਪੁਲਿਸ ਦੀ ਸਹਾਇਤਾ ਕਰਨ ਦੀ ਵੀ ਅਪੀਲ ਕੀਤੀ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ ,ਰੂਪਨਗਰ

ਵਣ ਵਿਭਾਗ ਵੱਲੋਂ ਸੈਲਫ ਹੈਲਪ ਗੁਰੱਪਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਮਦਦ ਨਾਲ ਵੰਡੇ ਜਾ ਰਹੇ ਨੇ ਮਾਸਕ - ਡੀ.ਐਫ.ਓ. ਚੌਹਾਨ

ਆਈ.ਐਫ.ਐਸ ਦੇ ਸਮੂਹ ਅਧਿਕਾਰੀਆਂ ਵੱਲੋਂ ਆਪਣੀ 01 ਦਿਨ ਦੀ ਤਨਖਾਹ ਕੀਤੀ ਮੁੱਖ ਮੰਤਰੀ ਰਲੀਫ ਫੰਡ ਵਿੱਚ ਡੂਨੈਂਟ

ਰੂਪਨਗਰ 13 ਅਪ੍ਰੈਲ - ਵਣ ਵਿਭਾਗ ਰੂਪਨਗਰ ਵੱਲੋਂ ਮਾਸਕ ਬਣਾ ਕੇ ਜ਼ਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਨੂੰ ਸੌਪੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐਫ.ਓ. ਚੋਹਾਨ ਨੇ ਦੱਸਿਆ ਕਿ ਇੱਕ ਹਜ਼ਾਰ ਦੇ ਕਰੀਬ ਮਾਸਕ ਬਣਾ ਕੇ ਵੰਡੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਵਣ ਵਿਭਾਗ ਵੱਲੋਂ ਇਹ ਮਾਸਕ ਸੈਲਫ ਹੈਲਪ ਗਰੁੱਪਾਂ ਦੇ ਸਹਿਯੋਗ ਨਾਲ ਬਣਾਏ ਜਾ ਰਹੇ ਹਨ । ਇਸ ਦੇ ਨਾਲ ਵਣ ਵਿਭਾਗ ਵੱਲੋਂ ਪਿੰਡਾਂ ਵਿੱਚ ਜ਼ੋ ਸਿਲਾਈ ਮਸ਼ੀਨਾਂ ਪਿਛਲੇ ਸਾਲ ਗ੍ਰੀਨ ਇੰਡੀਆ ਮਿਸ਼ਨ ਤਹਿਤ ਵੰਡੀਆ ਗਈਆਂ ਸਨ ਉਨ੍ਹਾਂ ਦੀ ਵਰਤੋਂ ਵੀ ਸੈਲਫ ਹੈਲਪ ਗੁਰੱਪਜ਼ ਦੇ ਸਹਿਯੋਗ ਨਾਲ ਮਾਸਕ ਬਨਾਉਣ ਵਿੱਚ ਬਹੁਤ ਕਾਰਗਰ ਸਾਬਿਤ ਹੋ ਰਹੀ ਹੈ।

ਉਨ੍ਹਾਂ ਦੱਸਿਆ ਗਿਆ ਇਹ ਮਾਸਕ ਜ਼ਿਲ੍ਹੇ ਵਿੱਚ ਪੈਂਦੇ ਪਿੰਡਾਂ ਮਨਸਾਲੀ, ਬੰਨਗਾਲਾ, ਟਿੱਬਾ ਨੰਗਲ, ਝਾਡੀਆਂ, ਹੈਆਤਪੁਰ ਅਤੇ ਸ਼ੰਕਪੁਰ ਵੱਲੋਂ ਬਣਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕੋਵਿੰਡ 19 ਤਹਿਤ ਬਿਮਾਰੀ ਨਾਲ ਨਿੱਜਠਣ ਲਈ ਆਈ.ਐਫ.ਐਸ ਦੇ ਸਮੂਹ ਅਧਿਕਾਰੀਆਂ ਵੱਲੋਂ ਆਪਣੀ 01 ਦਿਨ ਦੀ ਤਨਖਾਹ ਵੀ ਮੁੱਖ ਮੰਤਰੀ ਰਲੀਫ ਫੰਡ ਵਿੱਚ ਡੂਨੇਟ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਵਣ ਵਿਭਾਗ ਦੇ ਸਾਰੇ ਗਾਰਡਜ਼ ਵੱਲੋਂ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪੁਲਿਸ ਨਾਲ ਮਿਲ ਕੇ ਜ਼ਿਲ੍ਹੇ ਵਿੱਚ ਕਰਫਿਊ ਅਤੇ ਰਾਸ਼ਨ ਵੰਡਣ ਦੇ ਕੰਮਾਂ ਵਿੱਚ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਦਫ਼ਤਰ ਵਧੀਕ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ੍ਰੀ ਅਨੰਦੁਪਰ ਸਾਹਿਬ।

ਸਿਹਤ ਵਿਭਾਗ ਦੇ ਉਪਰਾਲਿਆ ਲਈ ਨਾਗਰਿਕਾ ਦਾ ਸਹਿਯੋਗ ਜਰੂਰੀ।

ਕੀਰਤਪੁਰ ਸਾਹਿਬ, 13 ਅਪ੍ਰੈਲ - ਕਰੋਨਾਵਾਇਰਸ ਤੋਂ ਪੰਜਾਬ ਦੇ ਲੋਕਾ ਨੂੰ ਬਚਾਉਣ ਲਈ ਸਿਹਤ ਵਿਭਾਗ ਵੱਲੋ ਸਿਹਤ ਸੰਬਧੀ ਸਰਗਰਮੀਆ ਜਾਰੀ ਹਨ। ਇਹ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ,ਪੀ.ਐਚ.ਸੀ ਕੀਰਤਪੁਰ ਸਾਹਿਬ ਡਾ. ਰਾਮ ਪ੍ਰਕਾਸ਼ ਸਰੋਆ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਮੰਤਰੀ ਸ. ਬਲਬੀਰ ਸਿੰਘ ਸਿੱਧੂ ਅਤੇ ਸਿਵਲ ਸਰਜਨ ਰੂਪਨਗਰ ਡਾ.ਐਚ.ਐਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾ ਮੁਤਾਬਕ ਸਮੂਹ ਸਿਹਤ ਕਾਮੇ ਕਰੋਨਾਵਾਇਰਸ ਨੂੰ ਹਰਾਉਣ ਲਈ ਆਪਣੀ-ਆਪਣੀ ਡਿਉਟੀ ਤੇ ਮੁੱਢ ਤੋਂ ਹੀ ਡੱਟੇ ਹੋਏ ਹਨ। ਸਿਹਤ ਕਾਮਿਆ ਵੱਲੋ ਵਿਦੇਸ਼ਾ ਤੋਂ ਆਏ ਯਾਤਰੀਆ ਦੀ ਭਾਲ ਕਰਕੇ ਉਂਨ੍ਹਾਂ ਨੂੰ ਘਰਾਂ ਵਿੱਚ ਹੀ ਇਕਾਂਤਵਾਸ (ਕੁਅਰੈਨਟੀਨ) ਵਿੱਚ ਰਹਿਣ ਦੀ ਅਪੀਲ਼ ਕੀਤੀ ਗਈ ਸੀ ਤੇ ਹੁਣ ਸਿਹਤ ਕਾਮੇ ਪਿੰਡਾ ਵਿੱਚ ਦੂਸਰੇ ਰਾਜਾਂ ਤੋਂ ਆਏ ਯਾਤਰੀਆ ਦੀ ਖੋਜ ਕਰਕੇ ਉਨ੍ਹਾਂ ਨੂੰ ਇਕਾਂਤਵਾਸ ਵਿੱਚ ਰਹਿਣ ਲਈ ਅਪੀਲ ਕਰ ਰਹੇ ਹਨ।

ਡਾ.ਸਰੋਆ ਨੇ ਦੱਸਿਆ ਕਿ ਦੂਸਰੇ ਰਾਜਾ ਤੋਂ ਆਏ ਯਾਤਰੀ ਪਿੰਡਾ ਵਿੱਚ ਰਹਿ ਰਹੇ ਨਿਵਾਸੀਆ ਲਈ ਖਤਰਾ ਪੈਦਾ ਕਰ ਸਕਦੇ ਹਨ ਇਸ ਲਈ ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਤਰ੍ਹਾਂ ਦੇ ਲੱਛਣ ਨਾ ਹੋਣ ਦੀ ਸੂਰਤ ਵਿੱਚ ਵੀ ਉਹ 14 ਦਿਨ ਤੱਕ ਆਪਣੇ ਘਰਾਂ ਵਿੱਚ ਹੀ ਇਕਾਂਤਵਾਸ ਨੂੰ ਨਿਭਾਉਣ ਤਾਂ ਜੋ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਨੇੜਲੇ ਲੋਕਾ ਨੂੰ ਕੋਵੀ ਵੀ ਖਤਰਾ ਨਾ ਪੈਦਾ ਹੋਵੇ , ਇਕਾਂਤਵਾਸ ਨਿਭਾਉਣਾ ਯਾਤਰੀਆ ਦੀ ਮੋਲਕ ਜਿੰਮੇਵਾਰੀ ਵੀ ਹੈ। ਉਨ੍ਹਾਂ ਕਿਹਾ ਕਿ ਕਰਫਿਓ ਦੇ ਕਾਫੀ ਦਿਨ ਬੀਤ ਜਾਣ ਤੋਂ ਬਾਅਦ ਵੀ ਕਰੋਨਾਵਾਇਰਸ ਦਾ ਪ੍ਰਕਪੋ ਹਲ੍ਹੇ ਨਹੀ ਰੁਕ ਰਿਹਾ ਹੈ ਇਸ ਲਈ ਪਿੰਡ, ਨਗਰ ਅਤੇ ਸ਼ਹਿਰ ਨਿਵਾਸੀ ਆਪਣੀ ਜਿੰਮੇਵਾਰੀ ਨੂੰ ਨਿਭਾਉਣ ਅਤੇ ਸਿਹਤ ਵਿਭਾਗ ਵੱਲੋ ਕੀਤੇ ਜਾ ਰਹੇ ਉਪਰਾਲਿਆ ਦਾ ਸਹਿਯੋਗ ਕਰਨ। ਉਨ੍ਹਾਂ ਸਿਹਤ ਕਾਮਿਆ ਵੱਲੋ ਕੀਤੀਆ ਜਾ ਰਹੀਆ ਸਰਗਰਮੀਆ ਦੀ ਸ਼ਲਾਂਘਾ ਕਰਦੇ ਕਿਹਾ ਕਿ ਹੈਲਥ ਵਰਕਰਜ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਵੀ ਲੋਕਾ ਨੂੰ ਸਿਹਤ ਸੇਵਾਵਾ ਪ੍ਰਦਾਨ ਕਰਨ ਲਈ ਲੋਕਾ ਦੇ ਘਰਾਂ ਤੱਕ ਪਹੁੰਚ ਕਰ ਰਹੇ ਹਨ।

ਦਫ਼ਤਰ ਵਧੀਕ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ੍ਰੀ ਅਨੰਦੁਪਰ ਸਾਹਿਬ।

ਸਬਜੀ/ਫਲ ਵਿਕਰੇਤਾਵਾ ਨੂੰ ਜਾਰੀ ਪਾਸ ਦੀ ਮਿਆਦ 14 ਅਪ੍ਰੈਲ ਤੱਕ-ਅਟਵਾਲ
ਹੁਕਮਾ ਦੀ ਉਲੰਘਣਾ ਕਰਨ ਵਾਲੇ ਸਬਜੀ/ਫਲ ਵਿਕਰੇਤਾਵਾ ਦਾ ਮੋਕੇ ਤੇ ਹੀ ਲਾਈਸੈਂਸ ਰੱਦ ਕਰਕੇ ਤੁਰੰਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਦੀ ਜਾਵੇਗੀ

ਨੰਗਲ 13 ਅਪ੍ਰੈਲ - ਪੰਜਾਬ ਸਰਕਾਰ ਵਲੋ ਕਰੋਨਾ ਵਾਇਰਸ ਨੂੰ ਮੱਦੇਨਜ਼ਰ ਰੱਖਦੇ ਹੋਏ ਪੰਜਾਬ ਰਾਜ ਵਿਚ ਕਰਫਿਊ ਲਾਗੂ ਕਰ ਦਿੱਤਾ ਗਿਆ ਹੈ। ਇਸ ਐਮਰਜੈਂਸੀ ਦੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਆਮ ਲੋਕਾ ਦੀ ਸੁਰੱਖਿਆ ਲਈ ਤੇ ਮਹਾਮਾਰੀ ਦੇ ਪ੍ਰਭਾਵ ਤੋ ਬਚਣ ਲਈ ਤੇ ਆਮ ਪਬਲਿਕ ਦੀਆਂ ਰੋਜਾਨਾ ਜਰੂਰਤਾਂ/ਸਹੂਲਤਾ ਨੂੰ ਦੇਖਦੇ ਹੋਏ ਸਬ ਡਵੀਜਨ ਨੰਗਲ ਦੇ ਏਰੀਏ ਵਿਚ ਸੈਕਟਰੀ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਵਲੋ ਸਬਜੀ/ਫਲ ਵਿਕਰੇਤਾਵਾ ਨੂੰ ਜ਼ੋ ਪਾਸ ਜਾਰੀ ਕੀਤੇ ਗਏ ਹਨ ਉਨਾ ਦੀ ਮਿਆਦ 14 ਅਪ੍ਰੈਲ ਤੱਕ ਹੀ ਨਿਰਧਾਰਤ ਕੀਤੀ ਜਾਦੀ ਹੈ।
ਉਪ ਮੰਡਲ ਮੈਜਿਸਟਰੇਟ ਨੰਗਲ ਸ੍ਰੀ ਐਚ.ਐਸ.ਅਟਵਾਲ ਨੇ ਜਾਣਕਾਰੀ ਦਿੰਦਿਆ ਕਿਹ ਕਿ ਇਸ ਮਿਤੀ ਤੋ ਬਾਅਦ ਉਕਤ ਪਾਸਾ ਨੂੰ ਰੀਨਿਊ/ਨਵੇ ਪਾਸ ਜਾਰੀ ਕਰਨ ਦੇ ਅਧਿਕਾਰ ਕੇਵਲ ਉਨ੍ਹਾਂ ਕੋਲ ਹੀ ਹੋਣਗੇ। ਉਨ੍ਹਾ ਸੈਕਟਰੀ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਬੰਧਤ ਸਬਜੀ/ਫਲ ਵਿਕਰੇਤਾਵਾ ਦੀਆਂ ਸੂਚੀ ਦਫਤਰ ਨੂੰ ਮੁਹੱਈਆ ਕਰਵਾਉਣ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਸੂਚੀ ਦੇ ਅਧਾਰ ਤੇ ਲੋੜ ਅਨੁਸਾਰ ਸਬਜੀ/ਫਲ ਵਿਕਰੇਤਾਵਾ ਨੂੰ ਪਾਸ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨਾ ਹੁਕਮਾ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦਾ ਮੋਕੇ ਤੇ ਹੀ ਸਬਜੀ/ਫਲ ਵਿਕਰੇਤਾਵਾ ਦਾ ਲਾਈਸੈਂਸ ਰੱਦ ਕਰਨ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿਚ ਲਿਆਦੀ ਜਾਵੇਗੀ।

ਦਫ਼ਤਰ ਵਧੀਕ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ੍ਰੀ ਅਨੰਦੁਪਰ ਸਾਹਿਬ।

ਦੁੱਧ/ਦਹੀ/ਲੱਸੀ/ਪਨੀਰ ਦੀ ਗੱਡੀਆਂ ਸਮੇਤ ਡਰਾਈਵਰ ਹੋਮ ਡਲੀਵਰੀ ਸਵੇਰੇ 6 ਵਜੇ ਤੋ ਸਵੇਰੇ 10 ਵਜੇ ਤੱਕ ਕਰਨ ਦੀ ਇਜਾਜਤ-ਐਚ.ਐਸ.ਅਟਵਾਲ

ਦੁੱਧ ਦੀ ਆਨਲਾਈਨ ਸਪਲਾਈ ਲਈ ਸ਼ਹਿਰ ਵਾਸੀ ਕੋਵਾ ਐਪ ਰਾਹੀਂ ਕਰ ਸਕਦੇ ਹਨ ਬੂਕਿੰਗ

ਨੰਗਲ 13 ਅਪ੍ਰੈਲ - ਉਪ ਮੰਡਲ ਮੈਜਿਸਟਰੇਟ ਨੰਗਲ ਸ਼੍ਰੀ ਐਚ.ਐਸ. ਅਟਵਾਲ ਨੇ ਦੱਸਿਆ ਕਿ ਕੋਵਿਡ- 19 ਦੀ ਰੋਕਥਾਮ ਲਈ ਇਲਾਕੇ 'ਚ ਐਲਾਨੇ ਕਰਫ਼ਿਊ ਦੌਰਾਨ ਆਮ ਲੋਕਾ ਦੀਆਂ ਦੁੱਧ/ਦਹੀ/ਲੱਸੀ/ਪਨੀਰ ਦੀਆ ਜਰੂਰਤਾ ਨੂੰ ਪੂਰੀਆਂ ਕਰਨ ਲਈ ਨਗਰ ਕੋਸਲ ਨੰਗਲ ਦੇ ਏਰੀਏ ਅਤੇ ਪਿੰਡਾਂ ਵਿਚ ਦੁੱਧ/ਦਹੀ/ਲੱਸੀ/ਪਨੀਰ ਦੀ ਸਪਲਾਈ ਕਰਨ ਲਈ ਦੁਕਾਨਦਾਰ/ਸਪਲਾਈਅਰ ਸ਼੍ਰੀ ਉਮਾ ਕਾਂਤ (ਲਵੀਸ਼ ਟ੍ਰੇਡਰਜ਼) ਐਮ.ਪੀ. ਕੋਠੀ, ਨੰਗਲ ਡੈਮ ਅਤੇ ਦਿਲਬਾਗ ਸਿੰਘ ਡਿਸਟੀਬਿਊਟਰ ਵੇਰਕਾ ਪਲਾਂਟ ਸੱਧੇਵਾਲ 7986787512 ਨੂੰ ਦੁੱਧ/ਦਹੀ/ਲੱਸੀ/ਪਨੀਰ ਦੀ ਗੱਡੀਆਂ ਸਮੇਤ ਡਰਾਈਵਰ ਹੋਮ ਡਲੀਵਰੀ ਕਰਨ ਦੀ ਇਜਾਜਤ ਦਿੱਤੀ ਗਈ ਹੈ। ਜਿਸ ਦਾ ਸਮਾ ਸਵੇਰੇ 6 ਵਜੇ ਤੋ ਸਵੇਰੇ 10 ਵਜੇ ਤੱਕ ਹੋਵੇਗਾ।

ਅਟਵਾਲ ਨੇ ਕਿਹਾ ਕਿ ਇਸ ਤੋ ਇਲਾਵਾ ਉਕਤ ਦੁਕਾਨਦਾਰ ਇਸ ਸਮੇ ਦੋਰਾਨ ਦੁੱਧ ਆਦਿ ਦੀ ਸਪਲਾਈ ਕਰਨ ਦੇ ਪਾਬੰਦ ਹੋਣਗੇ। ਕਾਨੂੰਨ ਵਿਵਸਥਾ ਰੱਖਣ ਲਈ ਲਗਾਏ ਗਏ ਅਧਿਕਾਰੀ/ਕਰਮਚਾਰੀ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਦੇ ਵਾਰਡ ਤੋ ਬਾਹਰ ਆਉਣ ਜਾਉਣ ਦਾ ਕਾਰਣ ਪੁੱਛ ਸਕਦੇ ਹਨ। ਬਿਨਾ ਕੰਮ ਤੋ ਬਾਹਰ ਘੁੰਮਣ ਵਾਲੇ ਵਿਅਕਤੀ ਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਜੇਕਰ ਕਿਸੇ ਸ਼ਹਿਰੀ ਵਿਅਕਤੀ ਨੂੰ ਦੁੱਧ ਦੀ ਜਰੂਰਤ ਹੋਵੇ ਤਾਂ ਇਸ ਦੀ ਡੀਮਾਂਡ ਬਾਅਦ ਦੁਪਹਿਰ 1 ਵਜੇ ਤੋ ਦੁਪਹਿਰ 3 ਵਜੇ ਤੱਕ ਕੰਟਰੋਲ ਰੂਮ ਨੰ:01887-221030 ਤੇ ਨੋਟ ਕਰਵਾ ਸਕਦਾ ਹੈ। ਉਕਤ ਦੁਕਾਨਦਾਰ ਸਰਕਾਰ ਵਲੋ ਕੋਵਿਡ-19 ਸਬੰਧੀ ਜਾਰੀ ਕੀਤੀਆ ਹਦਾਇਤਾ (ਸੋਸਲ ਡਿਸਟੈਸ) ਘੱਟ ਤੋ ਘੱਟ 01 ਤੋਂ 02 ਮੀਟਰ ਦਾ ਫਾਸਲਾ ਰੱਖ ਕੇ ਕੰਮ ਕਰਨਗੇ ਅਤੇ ਜਬਤਾ ਫੋਜਾਦਾਰੀ ਐਕਟ ਦੀ ਧਾਰਾ 144 ਸੀ.ਆਰ.ਪੀ.ਸੀ ਦੀ ਇੰਨ ਬਿੰਨ ਪਾਲਣਾ ਕਰਨਗੇ। ਇਸ ਤੋ ਇਲਾਵਾ ਸ਼ਹਿਰ ਵਾਸੀ ਕੋਵਾ ਐਪ ਡਾਊਨਲੋਡ ਕਰਕੇ ਦੁੱਧ ਦੀ ਆਨਲਾਈਨ ਸਪਲਾਈ ਸਬੰਧੀ ਵੀ ਬੂਕਿੰਗ ਕਰ ਸਕਦੇ ਹਨ।